IJNRD.ORG ISSN : 2456-4184
INTERNATIONAL JOURNAL OF NOVEL RESEARCH AND DEVELOPMENT (IJNRD) | IJNRD.ORG
An International Open Access, Peer-reviewed, Refereed Journal

# ਮਖ਼ਦੂਮ ਸਾਬਿਰ ਕਲੀਅਰੀ ਦੇ ਅਧਿਆਤਮਿਕ ਕਲਾਮਾਂ ਵਿੱਚ ਸੰਗੀਤਕ ਸ਼ਬਦਾਵਲੀ

**ਖੋਜਾਰਥੀ:-ਸੁਖਵਿੰਦਰ ਸਿੰਘ**

**ਨਿਗਰਾਨ:- ਡਾ.ਅਮਨਦੀਪ ਸਿੰਘ ਮੱਕੜ**

**ਥੀਏਟਰ ਅਤੇ ਸੰਗੀਤ ਵਿਭਾਗ**

**ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ ਫ਼ਗਵਾੜਾ**

## ਐਬਸਟਰੈਕਟ

ਭਾਰਤ ਨੂੰ ਗੁਰੂਆਂ, ਪੀਰਾਂ, ਸੂਫ਼ੀਆਂ ਦੀ ਧਰਤੀ ਮੰਨਿਆ ਜਾਂਦਾ ਹੈ। ਭਾਰਤ ਵਿੱਚ ਸਮੇਂ ਸਮੇਂ ਤੇ ਧਾਰਮਿਕ ਲਹਿਰਾਂ ਪੈਦਾ ਹੋਈਆਂ ਜਿਨ੍ਹਾਂ ਵਿੱਚੋਂ ਮੁੱਖ ਤੌਰ ਤੇ ਬੁੱਧ, ਜੈਨ, ਹਿੰਦੂ, ਈਸਾਈ, ਸਿੱਖ, ਮੁਸਲਿਮ ਆਦਿ ਧਰਮ ਦੇਖਣ ਨੂੰ ਮਿਲਦੇ ਹਨ। ਇਥੇ ਵੱਖ-ਵੱਖ ਸਮਿਆਂ ਵਿੱਚ ਸੂਫ਼ੀ, ਪੈਗੰਬਰਾਂ, ਪੀਰਾਂ ਆਦਿ ਨੇ ਜਨਮ ਲਿਆ ਜਿਨ੍ਹਾਂ ਨੇ ਪਰਮਾਤਮਾ ਦੀ ਭਗਤੀ ਅਤੇ ਪ੍ਰੇਮ ਵਿੱਚ ਰੰਗੇ ਹੋਏ ਕਲਾਮ ਲਿਖੇ। ਇਨ੍ਹਾਂ ਕਲਾਮਾਂ ਵਿੱਚ ਪਰਮਾਤਮਾ ਦੇ ਪ੍ਰੇਮ ਦੀ ਹੀ ਨਹੀਂ ਧਰਤੀ ਦੇ ਦ੍ਰਿਸ, ਭੂਗੋਲ, ਸਮਾਜਿਕ ਕੁਰੀਤੀਆਂ ਆਦਿ ਦੀ ਵੀ ਗੱਲਾਂ ਮਿਲਦੀਆਂ ਹਨ। ਇਨ੍ਹਾਂ ਕਲਾਮਾਂ ਵਿੱਚ ਸੰਗੀਤਕ ਸ਼ਬਦਾਵਲੀ ਦਾ ਪ੍ਰਯੋਗ ਵੀ ਦੇਖਣ ਨੂੰ ਮਿਲਦਾ ਹੈ। ਇਹਨਾਂ ਸੂਫ਼ੀ ਸੰਤਾਂ ਵਿੱਚੋਂ ਚਿਸ਼ਤੀ ਸਾਬਰੀਆ ਸਿਲਸਿਲੇ ਦੇ ਬਾਨੀ ਅਲਾਉਦੀਨ ਅਹਿਮਦ ਸਾਬਿਰ ਕਲੀਅਰੀ (ਸਾਬਿਰ ਪਾਕ) ਵੀ ਹੋਏ ਹਨ ਜਿਨ੍ਹਾਂ ਦੇ ਕਲਾਮ ਅਧਿਆਤਮਿਕਤਾ ਨਾਲ ਤਾਂ ਭਰੇ ਹੋਏ ਹਨ ਅਤੇ ਸੰਗੀਤਕ ਸ਼ਬਦਾਵਲੀ ਦਾ ਵੀ ਭਰਪੂਰ ਪ੍ਰਯੋਗ ਮਿਲਦਾ ਹੈ। ਇਸ ਖੋਜ-ਪੱਤਰ ਵਿੱਚ ਭਾਰਤੀ ਸੰਗੀਤ ਦੇ ਅਧਾਰ ਤੇ ਸਾਬਿਰ ਪਾਕ ਦੀ ਸੁਪ੍ਰਸ਼ਿਧ ਕਿਤਾਬ ਜਿਸਦਾ ਨਾਮ ਅਰਮੁਗਮ-ਏ-ਸਾਬਰੀ (**ਦੀਵਾਨ-ਏ-ਸਾਬਰੀ**) ਦੇ ਕਲਾਮਾਂ ਵਿੱਚ ਸੰਗੀਤਕ ਸ਼ਬਦਾਵਲੀ ਦਾ ਅਧਿਐਨ ਕੀਤਾ ਗਿਆ ਹੈ। ਸਾਬਿਰ ਪਾਕ ਦੇ ਕਲਾਮਾਂ ਵਿੱਚ ਨਗ਼ਮਾ, ਜ਼ਮਜ਼ਮ, ਅਹੰਗ, ਬ-ਬਜ਼ਮ, ਸਰੂਦ, ਮਹਿਫ਼ਿਲ-ਏ-ਸਮਾਅ ਆਦਿ ਸੰਗੀਤਕ ਸ਼ਬਦਾਵਲੀ ਪ੍ਰਾਪਤ ਹੁੰਦੀਆਂ ਹਨ। ਇਨ੍ਹਾਂ ਸੰਗੀਤਕ ਸ਼ਬਦਾਵਲੀ ਵਿੱਚ ਕਾਇਨਾਤ ਦੇ ਕਣ-ਕਣ ਵਿੱਚ ਪ੍ਰਮਾਤਮਾ ਦੇ ਸਾਜ਼, ਧੁਨਾਂ ਅਤੇ ਗੀਤ ਚੱਲ ਰਹੇ ਹਨ ਆਦਿ ਵਿਸ਼ੇ ਲਏ ਗਏ ਹਨ।

**ਕੀ-ਵਰਡ**- *ਚਿਸ਼ਤੀ ਸਾਬਰੀਆ, ਸਾਬਰੀਆ, ਸੰਪਰਦਾਇ, ਸੂਫੀ ਸੰਗੀਤ, ਮਹਿਫ਼ਿਲ-ਏ-ਸਮਾਅ,*

# ਮਖ਼ਦੂਮ ਸਾਬਿਰ ਕਲੀਅਰੀ ਦੇ ਅਧਿਆਮਿਕ ਕਲਾਮਾਂ ਵਿੱਚ ਸੰਗੀਤਕ ਸ਼ਬਦਾਵਲੀ

ਮਖ਼ਦੂਮ ਸਾਬਿਰ ਕਲੀਅਰੀ ਨੂੰ ਅਲਾਉਦੀਨ ਅਲੀ ਅਹਿਮਦ ਸਾਬਿਰ (ਸਾਬਿਰ ਪਾਕ ਜਾਂ ਸਾਬਿਰ) ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ। ਇਹਨਾਂ ਨੂੰ ਸਾਬਰੀਆ ਸੰਪਰਦਾਇ, ਜੋ ਕਿ ਚਿਸ਼ਤੀ ਸੰਪਰਦਾਇ ਦੀ ਉਪ ਸ਼ਾਖਾ ਹੈ, ਦੇ ਮੋਢੀ ਵਜੋਂ ਜਾਣਿਆ ਜਾਂਦਾ ਹੈ।ਸਾਬਿਰ ਜੀ ਸ਼ੇਖ਼ ਫਰੀਦ-ਉਦ-ਦੀਨ (ਰਹਿ.ਅ.) ਦੇ ਭਾਣਜੇ ਹੋਣ ਦੇ ਨਾਲ ਨਾਲ ਸ਼ਾਗਿਰਦ ਵੀ ਸਨ।ਇਸ ਸੰਪਰਦਾਇ ਦੀ ਸ਼ੁਰੂਆਤ ਰੁੜਕੀ ਸ਼ਹਿਰ (ਉਤਰ ਪ੍ਰਦੇਸ਼) ਦੇ ਆਸ-ਪਾਸ ਹੋਈ।ਉਹਨਾਂ ਦਾ ਜਨਮ ਮੁਲਤਾਨ ਜ਼ਿਲ੍ਹੇ ਦੇ ਕੋਹਟਵਾਲ ਵਿਖੇ ਸੰਨ 1197-98 ਈਸਵੀ ਵਿੱਚ ਹੋਇਆ ਮੰਨਿਆ ਜਾਂਦਾ ਹੈ। ਖਵਾਜਾ ਅਲਾਉਦੀਨ ਮਖ਼ਦੂਮ ਸਾਬਿਰ ਕਲੀਅਰੀ ਪੁੱਤਰ ਸ਼ਾਹ ਅਬਦੁਲ ਰਹੀਮ ਪੁੱਤਰ ਅਬਦੁਲ ਸਲਾਮ, ਪੁੱਤਰ ਸ਼ਾਹ ਸੈਫੁਦੀਨ ਅਬਦੁਲ ਵਹਾਬ, ਪੁੱਤਰ ਹਜ਼ਰਤ ਗ਼ੌਸ ਅਲ-ਸਕਲਾਇਨ ਪੀਰਾਂਨੇ ਪੀਰ ਸ਼ੇਖ ਅਬਦੁਲ ਕਾਦਿਰ ਜਿਲਾਨੀ ਦੇ ਵੰਸ਼ ਵਿੱਚੋਂ ਸਨ।[1]

ਸਾਬਿਰ ਪਾਕ ਸੱਤ ਸਾਲ ਦੇ ਹੋਏ ਤਾਂ ਇਹਨਾਂ ਦੇ ਪਿਤਾ ਅੱਲਾਹ ਨੂੰ ਪਿਆਰੇ ਹੋ ਗਏ।ਪਿਤਾ ਦੇ ਜਾਣ ਪਿਛੋਂ ਇਹਨਾਂ ਦੀ ਮਾਤਾ ਜ਼ਮੀਲਾ ਖਾਤੂਨ ਜੀ ਨੂੰ ਘਰ ਦਾ ਗੁਜ਼ਾਰਾ ਕਰਨਾ ਮੁਸ਼ਕਿਲ ਹੋ ਰਿਹਾ ਸੀ, ਜਿਸ ਪਿਛੋਂ ਆਪ ਸਾਬਿਰ ਨੂੰ ਨਾਲ ਲੈ ਕੇ ਆਪਣੇ ਭਰਾ ਫਰੀਦ ਜੀ ਕੋਲ ਪਾਕ-ਪਤਨ (ਹੁਣ ਪਾਕਿਸਤਾਨ ਵਿੱਚ) ਵਿਖੇ ਆ ਗਏ।ਇਸ ਮਗਰੋਂ ਬਾਬਾ ਫ਼ਰੀਦ ਨੇ ਇਹਨਾਂ ਦਾ ਪਾਲਣ ਪੋਸ਼ਣ ਕੀਤਾ। ਬਾਬਾ ਫਰੀਦ ਦੀ ਸੰਗਤ ਵਿੱਚ ਆ ਕਿ ਸਾਬਿਰ ਨੇ ਅਧਿਆਤਮਿਕ ਸਿੱਖਿਆ ਪ੍ਰਾਪਤ ਕੀਤੀ। ਆਪ ਜੀ ਦੀ ਸ਼ਾਦੀ ਬਾਬਾ ਫਰੀਦ ਦੀ ਬੇਟੀ ਖ਼ਦੀਜਾ ਬੇਗ਼ਮ ਨਾਲ ਹੋਈ ਸੀ, ਪਰੰਤੂ ਸ਼ਾਦੀ ਤੋਂ ਕੁੱਝ ਦਿਨ ਬਾਅਦ ਹੀ ਉਹਨਾਂ ਦੀ ਬੇਗ਼ਮ ਦੀ ਮੌਤ ਹੋ ਗਈ। ਇਸ ਤੋਂ ਬਾਅਦ ਬਾਬਾ ਫ਼ਰੀਦ ਤੋਂ ਇਜ਼ਾਜ਼ਤ ਲੈ ਕਿ ਆਪ ਕਲੀਅਰ (ਸਹਾਰਨਪੁਰ) ਸ਼ਹਿਰ ਵਿੱਚ ਆ ਗਏ ਅਤੇ ਇੱਥੇ ਹੀ ਰਹਿਣ ਲੱਗੇ। ਇਥੇ ਇਹਨਾਂ ਨੇ ਇਸਲਾਮ ਦੇ ਨਾਲ-ਨਾਲ ਚਿਸ਼ਤੀ-ਸਾਬਰੀਆ ਸੰਪਰਦਾਇ ਦਾ ਪ੍ਰਚਾਰ ਪ੍ਰਸਾਰ ਕੀਤਾ। ਵੱਡੀ ਗਿਣਤੀ ਵਿੱਚ ਲੋਕਾਂ ਨੇ ਇਹਨਾਂ ਦੀ ਸੰਗਤ ਕਰਨੀ ਸ਼ੁਰੂ ਕਰ ਦਿੱਤੀ। ਕਲੀਅਰ ਵਿੱਚ ਆਪ ਹਮੇਸ਼ਾ ਅੱਲਾਹ ਦੀ ਇਬਾਦਤ ਵਿੱਚ ਲੱਗੇ ਰਹਿੰਦੇ ਸਨ।''ਬਾਬਾ ਫ਼ਰੀਦ ਨੇ ਆਪਣੇ ਇੱਕ ਚੇਲੇ ਸ਼ਮਸ-ਉਦ-ਦੀਨ ਨੂੰ ਇਨਾ ਕੋਲ ਭੇਜਿਆ ਪਰੰਤੂ ਇਹਨਾਂ ਦਾ ਜਲਾਲ ਦੇਖ ਕੇ ਉਹ ਇਹਨਾਂ ਦੀ ਸ਼ਰਨ ਵਿੱਚ ਆ ਗਿਆ। ਸ਼ਮਸ-ਉਦ-ਦੀਨ ਸਾਬਿਰ ਪਾਕ ਤੋਂ ਬਾਅਦ ਸਾਬਰੀਆ ਸੰਪਰਦਾਇ ਦੇ ਖਲੀਫਾ ਬਣੇ।''[2] ਖ਼ੁਵਾਜਾ ਸਾਬਿਰ ਪਾਕ ਦਾ ਦਿਹਾਂਤ 13 ਰਬੀਉਲ ਅਵੱਲ 690 ਹਿਜਰੀ (1291ਈਂ.) ਨੂੰ ਹੋਇਆ। ਉਹਨਾਂ ਦੀ ਕਬਰ ਸਹਾਰਨਪੁਰ ਜ਼ਿਲ੍ਹੇ ਦੇ ਰੁੜਕੀ ਦੇ ਨੇੜੇ ਕਲੀਅਰ ਵਿੱਚ ਹੈ। ਸਾਬਿਰ ਪਾਕ ਦੇ ਇਕਲੌਤੇ ਖ਼ਲੀਫਾ ਅਤੇ ਉੱਤਰਾਧਿਕਾਰੀ ਸ਼ੇਖ ਸ਼ਮਸ-ਉਦ-ਦੀਨ ਤੁਰਕ ਪਾਣੀਪਤੀ ਨੇ ਸਾਬਰੀ ਸੰਪ੍ਰਦਾਇ ਦੀ ਵਾਂਗ-ਡੋਰ ਸੰਭਾਲੀ। ਇਸ ਤੋਂ ਬਾਅਦ ਸ਼ਾਹ ਜਲਾਲ ਗੱਦੀ ਨਸ਼ੀਨ ਬਣੇ। ਸ਼ਾਹ ਜਲਾਲ ਦੇ ਸਮੇਂ ਵਿੱਚ ਸਾਬਰੀ ਸੰਪਰਦਾਇ ਦਾ ਕਾਫੀ ਪ੍ਰਚਾਰ ਪ੍ਰਸਾਰ ਹੋਇਆ। ਇਸ ਤੋਂ ਇਲਾਵਾ ਅਬਦੁਲ ਹੱਕ ਰਦੌਲੀ ਸ਼ਰੀਫ ਨੇ ਸਾਬਰੀਆ ਸੰਪਰਦਾਇ ਦੀ ਗੱਦੀ

[1] ਵੂਮੈਨਸ ਹਿਸਟਰੀ ਔਫ ਚਿਸ਼ਤ,ਨਾਸ਼ੇਰ ਮਿਨ ਅਲ-ਸ਼ੇਖ,ਪੰਨਾ-180.

[2] ਦ ਮਸਾਇਕ ਆਫ ਚਿਸਤੀ,ਸ਼ੇਖ ਮੌਲਾਨਾ ਜ਼ਕਰੀਆ ਕੰਧਲਵੀ, ਪੰਨਾ 148.

ਸੰਭਾਲੀ।ਆਪ ਨੇ ਰਦੌਲੀ ਸ਼ਰੀਫ਼ ਵਿਖੇ ਆਪਣੀ ਖ਼ਾਨਕਾਹ (ਦਰਗ਼ਾਹ) ਸਥਾਪਿਤ ਕੀਤੀ। ਸਾਬਰੀਆ ਸੰਪਰਦਾਇ ਲਈ ਰਦੌਲੀ ਸ਼ਰੀਫ ਵੀ ਬੜਾ ਸਤਿਕਾਰਯੋਗ ਅਸਥਾਨ ਹੈ। ਇਹਨਾਂ ਦੀ ਮੌਤ ਤੋਂ ਬਾਅਦ ਇਹਨਾਂ ਦੇ ਪੁੱਤਰ ਅਤੇ ਖ਼ਲੀਫ਼ਾ ਸ਼ੇਖ਼ ਆਰਿਫ਼ ਗੱਦੀ ਉੱਤੇ ਬੈਠੇ ਅਤੇ ਫਿਰ ਸ਼ੇਖ਼ ਮੁਹੰਮਦ ਬਿਨ ਆਰਿਫ਼। ਇਹਨਾਂ ਤੋਂ ਬਾਅਦ ਅਬੱਦੁਲ ਕਦੂਸ ਗੰਗੋਹੀ ਜੀ ਨੇ ਇਸ ਸੰਪਰਦਾਇ ਦਾ ਜੋਰਾ ਸ਼ੋਰਾਂ ਨਾਲ ਪ੍ਰਚਾਰ ਕੀਤਾ। ਅਬਦੁਲ ਕੁਦੂਸ ਗੰਗੋਹੀ ਕਾਫੀ ਭਸ਼ਾਵਾਂ ਦੇ ਗਿਆਤਾ ਅਤੇ ਉੱਚ ਪੱਧਰ ਦੇ ਵਿਦਵਾਨ ਹੋਏ ਹਨ। ਜੋ ਸਥਾਨ ਸਾਬਰੀਆ ਵਿੱਚੋਂ ਇਹਨਾਂ ਨੂੰ ਪ੍ਰਾਪਤ ਹੈ ਸ਼ਾਇਦ ਹੀ ਕਿਸੇ ਹੋਰ ਸੂਫੀ ਨੂੰ ਹੋਵੇ। ਅਬਦੁਲ ਕੁਦੂਸ ਗੰਗੋਹੀ ਤੋਂ ਸਾਬਰੀਆ ਸੰਪਰਦਾਇ ਦੀ ਇੱਕ ਹੋਰ ਉਪ-ਸ਼ਾਖਾ 'ਕੁਦੂਸੀ' ਸੰਪਰਦਾਇ ਦਾ ਜਨਮ ਹੋਇਆ। ਅਬੱਦੁਲ ਕੁਦੂਸ ਗੰਗੋਹੀ ਦੇ ਅਨੇਕਾਂ ਹੀ ਚੇਲੇ ਹੋਏ ਪਰੰਤੂ ਇਹਨਾਂ ਨੇ ਸਾਬਰੀਆ ਸੰਪਰਦਾਇ ਦੀ ਗੱਦੀ ਜਲਾਲ-ਉਦ-ਦੀਨ ਥਾਨੇਸਰੀ ਨੂੰ ਹੀ ਦਿੱਤੀ। ਜਲਾਲੁਦੀਨ ਤੋਂ ਬਾਅਦ ਨਿਜ਼ਾਮ-ਉਦ-ਦੀਨ ਬਲਖ਼ੀ ਅਤੇ ਇਹਨਾਂ ਤੋਂ ਬਾਅਦ ਖ਼ੁਵਾਜਾ ਅਬੂ ਸਈਅਦ, ਸ਼ੇਖ ਸਾਦਿਕ, ਪੀਰ ਦਾਉਦ ਗੰਗੋਹੀ, ਅਬੂਅਲ-ਮਾਲੀ ਅੰਬਹਿਟਾ ਵਰਗੇ ਉੱਚ ਕੋਟੀ ਦੇ ਸੂਫੀ ਦਰਵੇਸ਼ਾਂ ਨੇ ਇਸ ਸੰਪਰਦਾਇ ਦੀ ਵਾਗ-ਡੋਰ ਨੂੰ ਸੰਭਾਲਿਆ ਅਤੇ ਇਸ ਸੰਪਰਦਾਇ ਦੇ ਪਸਾਰ ਨੂੰ ਸਿਖਰਾਂ ਤੱਕ ਪਹੁੰਚਾਇਆ। ਚਿਸ਼ਤੀ ਸਾਬਰੀਆ ਸੰਪਰਦਾਇ ਦੇ ਆਖ਼ਰੀ ਖ਼ਲੀਫ਼ਾ ਹਜਰਤ ਸਈਅਦ ਮੀਰਾਂ ਭੀਖ਼ਮ ਸ਼ਾਹ ਨੂੰ ਮੰਨਿਆ ਜਾਂਦਾ ਹੈ। ਭੀਖ਼ਮ ਸ਼ਾਹ ਸਾਬਰੀਆ ਸਿਲਸਿਲੇ ਦੇ ਪ੍ਰਸਿੱਧ ਸੂਫੀ ਦਰਵੇਸ਼ ਹੋ ਗੁਜਰੇ ਹਨ। ਘੁੜਾਮ ਸ਼ਰੀਫ (ਪੰਜਾਬ) ਵਿਖੇ ਸਥਿਤ ਆਪ ਜੀ ਦੀ ਦਰਗਾਹ ਭਾਰਤੀ ਪੰਜਾਬ ਦੀ ਚਿਸ਼ਤੀ ਸਾਬਰੀ ਸਿਲਸਿਲੇ ਦੀ ਸਭ ਤੋਂ ਵੱਡੀ ਦਰਗਾਹ ਆਖ਼ੀ ਜਾਂਦੀ ਹੈ।

## ਮਖਦੂਮ ਸਾਬਿਰ ਪਾਕ ਦੀ ਕਾਵਿ ਪਰੰਪਰਾ

ਅਰਮੁਗਮ-ਏ-ਸਾਬਰੀ ਜਾਂ ਦੀਵਾਨ-ਏ-ਸਾਬਰੀ ਸਾਬਿਰ ਪਾਕ ਦੀ ਸੁਪ੍ਰਸਿੱਧ ਕਿਤਾਬ ਹੈ।ਇਸ ਵਿੱਚ ਸਾਬਿਰ ਜੀ ਦੇ ਹੱਥ ਲਿਖਤ ਕਲਾਮ ਦਰਜ ਹਨ। ਇਸ ਕਿਤਾਬ ਵਿਚਲੇ ਕਲਾਮਾਂ ਨੂੰ ਉਹਨਾਂ ਦੇ ਸ਼ਾਗਿਰਦ ਸਮਸ-ਉਦ-ਦੀਨ ਤੁਰਕ ਪਾਨੀ ਪਤੀ ਨੇ ਇੱਕਠੇ ਕਿੱਤੇ, ਜਿਹਨਾਂ ਨੂੰ ਅੱਗੇ ਚੱਲ ਕੇ ਸੰਪੂਰਨ ਤੌਰ ਤੇ ਅਬੱਦੁਲ ਕੁਦੂਸ ਗੰਗੋਹੀ ਨੇ ਇਕਤ੍ਰਿਤ ਕੀਤਾ। ਜਿਸ ਨੂੰ ਮੌਲਾਨਾ ਸਈਅਦ ਅਬੁਲ-ਅਲ-ਹਸਨ ਅਲੀ ਨਦਵੀ ਜੀ ਨੇ ਲਾਹੌਰ ਤੋਂ ਪ੍ਰਕਾਸ਼ਿਤ ਕਰਵਾਇਆ। ਇਸ ਕਿਤਾਬ ਵਿੱਚ ਸਾਬਿਰ ਪਾਕ ਦੇ ਇਸ਼ਕ-ਏ-ਹਕੀਕੀ (ਰਬੀ ਪਿਆਰ) ਨਾਲ ਸੰਬੰਧਿਤ ਕਲਾਮਾਂ ਨੂੰ ਬੜੇ ਹੀ ਖ਼ੂਬਸੂਰਤ ਢੰਗ ਨਾਲ ਪੇਸ਼ ਕੀਤੇ ਗਏ ਹਨ। ਇਸ ਕਿਤਾਬ ਦੇ ਸ਼ੁਰੂਆਤੀ ਪੰਨਿਆਂ ਤੇ ਸਾਬਿਰ ਜੀ ਦੇ ਸ਼ਾਇਰੀ ਨੁਮਾ ਢੰਗ ਨੂੰ ਪੇਸ਼ ਕੀਤਾ ਗਿਆ ਹੈ। ''ਬਚਪਨ ਸੇ ਹੀ ਆਪ ਸ਼ਾਇਰੀ ਕਾ ਸ਼ੌਂਕ ਰੱਖਦੇ ਥੇ ਜਿਸਕੇ ਲਿਹਾਜ ਸੇ ਕੁਦਰਤ ਨੇ ਆਪ ਕੋ ਬਿਹਤਰੀਨ ਕਲਮ ਕੇ ਧਨੀ ਬਨਾਇਆ। ਆਪਕਾ ਅੰਦਾਜ-ਏ-ਬਿਆਂ ਨਰਮ ਔਰ ਸਾਦਗੀ ਸੇ ਭਰਪੂਰ ਹੈ।''[3] ਸਾਬਿਰ ਜੀ ਨੇ ਆਪਣੇ ਢੰਗ ਨਾਲ ਰੂਹਾਨੀਅਤ ਅਤੇ ਇਸ਼ਕ-ਏ-ਹਕੀਕੀ ਨੂੰ ਬੜੇ ਹੀ ਖ਼ੂਬਸੂਰਤ ਢੰਗ ਨਾਲ ਪੇਸ਼ ਕੀਤਾ।''ਵੋ ਫ਼ਾਰਸੀ, ਅਰਬੀ, ਉਰਦੂ ਤਿੰਨੋਂ ਜ਼ੁਬਾਨੋਂ ਮੇਂ ਸ਼ਾਇਰੀ ਕਰਤੇ ਥੇ।ਆਪ ਨੇ ਅਪਨੀ ਸ਼ਾਇਰੀ ਮੇ ਤਹਿਜੀਬ ਔਰ ਸਾਦਗੀ ਕਾ ਖਾਸ ਧਿਆਨ ਰੱਖਾ। ਬੇਲੋੜੇ

[3] ਅਰਮੁਗਮ-ਏ-ਸਾਬਰੀ, ਅਲਾਉਦੀਨ ਅਲੀ ਅਹਿਮਦ ਸਾਬਿਰ,ਪੰਨਾ ਨੰਬਰ 5.

ਇਸ਼ਾਰੋਂ ਔਰ ਗੈਰ ਮੌਜੂਦ ਮਿਸਾਲੋਂ ਸੇ ਪਰਹੇਜ਼ ਕਿਆ। ਉਨਹੋਂਨੇ ਜੋ ਵੀ ਅਪਨੀ ਸ਼ਾਇਰੀ ਮੇਂ ਕਹਾ ਵੋ ਦਿਲ ਸੇ ਨਿਕਲਾ ਔਰ ਦਿਲ ਤਕ ਪਹੁੰਚਾ।''[4]

ਸਾਬਿਰ ਨੇ ਆਪਣੀ ਸ਼ਾਇਰੀ ਦਾ ਅੰਦਾਜ਼ ਸਿੱਧਾ ਸਾਫ ਅਤੇ ਪ੍ਰਭਾਵਸ਼ਾਲੀ ਰੱਖਿਆ। ਉਰਦੂ ਵਿੱਚ ਆਪ ਨੇ ਜਿਆਦਾਤਰ ਗਜ਼ਲ ਅਤੇ ਨਜ਼ਮ ਜਦੋਂ ਕਿ ਫ਼ਾਰਸੀ ਵਿੱਚ ਕਸੀਦਾ ਰੁਬਾਈ ਆਦਿ ਲਿਖਾ। ਆਪ ਨੇ ਆਪਣੇ ਮੁਰਸ਼ਿਦ ਤੋਂ ਰੂਹਾਨੀਅਤ ਨਾਲ ਜੁੜੀ ਮੌਸੀਕੀ ਨਾਲ ਰੂਬਰੂ ਹੋਏ। ਆਪ ਜੀ ਦੇ ਹਰ ਸ਼ੇਅਰ ਵਿੱਚ ਆਪ ਜੀ ਦੀ ਸ਼ਖਸ਼ੀਅਤ ਅਤੇ ਤਜਰਬਾ ਝਲਕਤਾ ਹੈ।

*ਸਾਈਬ ਹੇ ਮੁਹਤਰਮ ਤਰੀਕੇ ਦੀਵਾਨੇ ਮੁਸਨਿਫ*

*ਨਸਰ ਏ ਸ਼ਰੀਫ ਬਾਦਸ਼ਾਹ-ਏ-ਦਿਲ ਪਸੰਦ*[5]

ਇਹ ਮੇਰੇ ਹੁਜ਼ੂਰ, ਤੂ ਰੂਹਾਨੀ ਰਾਹ ਦਾ ਆਸ਼ਿਕ ਹੈਂ ਅਤੇ ਇਕ ਸ਼ਾਨਦਾਰ ਲੇਖ਼ਕ ਅਤੇ ਦਿਲਾਂ ਨੂੰ ਭਾਉਣ ਵਾਲਾ ਬਾਦਸ਼ਾਹ ਹੈਂ।

ਹਜ਼ੂਰ ਸਰਾਜੇ ਹਸਨੈਨ ਸਾਹਿਬ-ਏ-ਦੀਵਾਨ ਅਹਿਮਦ ਸਾਬਿਰ ਕਲੀਅਰੀ ਰਹਿਮਤੁਲਾ ਅਲੇਹ ਇਲਮ ਅਤੇ ਮੋਸੀਕੀ ਰੂਹਾਨੀਅਤ ਨਾਲ ਭਰਪੂਰ ਸਨ। ਇਹ ਹਜ਼ਰਤ ਆਪਣੇ ਦੌਰ ਦੇ ਮਸ਼ਹੂਰ ਸ਼ਾਇਰ ਆਲਿਮ ਅਤੇ ਸੂਫੀ ਸਨ। ਇਹਨਾਂ ਦੀ ਸ਼ਾਇਰੀ ਵਿੱਚ ਮੁਹੱਬਤ ਅਤੇ ਇਨਸਾਨੀ ਹਮਦਰਦੀ ਦੇ ਜਜ਼ਬਾਤ ਝਲਕਦੇ ਹਨ। ਸਾਬਿਰ ਪਾਕ ਜੀ ਦੀ ਉਰਦੂ, ਫ਼ਾਰਸੀ ਸ਼ਾਇਰੀ ਰੂਹਾਨੀਅਤ ਅਤੇ ਸਾਦਗੀ ਦਾ ਸੁੰਦਰ ਮਿਸ਼ਰਣ ਹੈ। ਉਰਦੂ ਵਿੱਚ ਸਾਦਗੀ ਅਤੇ ਪ੍ਰਭਾਵਸ਼ਾਲੀ ਅਤੇ ਫ਼ਾਰਸੀ ਵਿੱਚ ਕਲਾਸੀਕੀ ਅੰਦਾਜ਼ ਹੈ।ਸਾਬਿਰ ਜੀ ਇਸ਼ਕ-ਏ-ਹਕੀਕੀ ਅਤੇ ਸੂਫੀਅਤ ਬਾਰੇ ਜਿਆਦਾ ਲਿਖਦੇ ਹਨ।[6]

ਹਜ਼ਰਤ ਸਾਬਿਰ ਪੀਆ ਦੀ ਰੂਹਾਨੀਅਤ ਅਤੇ ਮਿਠਾਸ ਦੀ ਗਹਿਰਾਈ ਉਹਨਾਂ ਦੇ ਪੈਰੋਕਾਰਾਂ ਦੇ ਮਨਾਂ ਨੂੰ ਛੋਹ ਜਾਂਦੀ ਹੈ। ਇਹਨਾਂ ਨੇ ਆਪਣੀ ਸ਼ਾਇਰੀ ਅੰਦਾਜ਼ ਨਾਲ ਮਨੁੱਖਤਾ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਇਹ ਦੁਨੀਆ ਫ਼ਾਨੀ ਹੈ। ਇਨਸਾਨ ਨੂੰ ਅਖੀਰ ਵਿੱਚ ਅੱਲਾਹ ਦੇ ਵੱਲ ਹੀ ਜਾਣਾ ਹੈ। ਇਸ ਕਰਕੇ ਇਨਸਾਨ ਆਪਣੀ ਜ਼ਿੰਦਗੀ ਇਸ ਤਰ੍ਹਾਂ ਗੁਜ਼ਾਰੇ ਕਿ ਅੰਤ ਵਿੱਚ ਉਸਦਾ ਰੁੱਖ ਅੱਲਾਹ ਦੀ ਰਹਿਮਤ ਵੱਲ ਹੋਵੇ। ਇੱਕ ਆਦਮੀ ਦੁਨਿਆਵੀ ਅਤੇ ਰੂਹਾਨੀਅਤ ਦੋਨਾਂ ਵਿੱਚ ਅਮਲ ਪਾ ਸਕਦਾ ਹੈ ਜੇਕਰ ਉਹ ਖ਼ਲਾਸੀਅਤ ਨਾਲ ਅੱਲਾਹ ਦੇ ਰਾਹ ਵੱਲ ਮਿਹਨਤ ਕਰੇ।

---

[4] ਅਰਮੂਗਮ-ਏ-ਸਾਬਰੀ, ਅਲਾਉਦੀਨ ਅਲੀ ਅਹਿਮਦ ਸਾਬਿਰ,ਪੰਨਾ ਨੰਬਰ 6.

[5] ਉਹੀ, ਪੰਨਾ ਨੰਬਰ 8.

[6] ਉਹੀ ਪੰਨਾ ਨੰਬਰ 15.

## ਅਲਾਉਦੀ ਅਹਿਮਦ ਮਖ਼ਦੂਮ ਸਾਬਿਰ ਦੇ ਕਲਾਮਾਂ ਵਿੱਚ ਸੰਗੀਤਕ ਸ਼ਬਦਾਵਲੀ

ਸਾਬਿਰ ਪਾਕ ਦੀ ਦੀਵਾਨੇ-ਏ-ਸਾਬਰੀ ਕਿਤਾਬ ਵਿੱਚ 245 ਕਲਾਮ ਲਿਖਤ ਰੂਪ ਵਿੱਚ ਮਿਲਦੇ ਹਨ। ਇਹਨਾਂ ਕਲਾਮਾਂ ਵਿੱਚੋਂ 27 ਕਲਾਮਾਂ ਦੀ ਸੰਗੀਤਕ ਸ਼ਬਦਾਵਲੀ ਹੇਠ ਲਿਖੀ ਸਾਰਣੀ ਅਨੁਸਾਰ ਦਰਸਾਈ ਗਈ ਹੈ। ਇਹਨਾਂ ਕਲਾਮਾਂ ਵਿੱਚ ਸੰਗੀਤਕ ਸ਼ਬਦਾਵਲੀ ਨੂੰ ਮੁੱਖ ਰੱਖਦੇ ਹੋਏ ਅਸੀ ਰਾਗ, ਤਾਲ, ਸੁਰ, ਧੁਨ, ਸਾਜ਼, ਗੀਤ ਆਦਿ ਸ਼ਬਦਾਂ ਦਾ ਅਧਿਐਨ ਕੀਤਾ ਹੈ।

| ਲੜੀ ਨੰ. | ਕਲਾਮ ਦਾ ਸਿਰਲੇਖ | ਸੰਗੀਤਕ ਸ਼ਬਦਾਵਲੀ |
|---|---|---|
| 1 | ਦਾਨਮ-ਏ-ਕੈਫ ਦਿਲ[7] | ਰਾਗ, ਸੁਰ, ਵਜਾਉਣਾ |
| 2 | ਏ ਜ਼ਮਜ਼ਾ-ਏ-ਹਰਮ![8] | ਰਾਗ, ਧੁਨ |
| 3 | ਨਜ਼ੂਲ-ਏ-ਦੀਨ[9] | ਗੀਤ, ਜ਼ਿਕਰ-ਏ-ਮਹਿਫਿਲ |
| 4 | ਇਨ ਇਰਸ ਅਨਬੀ ਦਾਊਦ[10] | ਸੰਗੀਤ, ਸੰਗੀਤਕ ਸੁਰ, ਨਗਮਾ |
| 5 | ਮਕਾਨ-ਏ-ਦਰਦੋ[11] | ਸੰਗੀਤ, ਸੁਰ, ਮਹਿਫਿਲ-ਏ-ਸਮਾਅ |
| 6 | ਮਤੀਅ-ਏ-ਫ਼ਰਮਾਨ[12] | ਸ਼ੁਰ (ਅਹੰਗ), ਗੀਤ |
| 7 | ਆਵਾਜ਼-ਏ ਕਰੀਮ[13] | ਸੁਰ |
| 8 | ਜ਼ਬਾਨਿ ਮਨ ਜ਼ਿ ਜਾਨ[14] | ਸ਼ੁਰ, ਬਾਂਸੁਰੀ (ਨੇਈ) |
| 9 | ਦਰੀਂ ਹਰਮ ਕਿ ਦਰੂੰ ਮਸਤ-ਏ ਸ਼ੌਕ[15] | ਗੀਤ, ਗਾਉਣਾ |
| 10 | ਗ਼ਜ਼ਾਲ-ਏ-ਸਾਬਿਰ[16] | ਗਜ਼ਲ |
| 11 | ਏ ਨਸੀਮ-ਏ-ਸਬ[17] | ਸ਼ੁਰ, ਨਗਮਾ (ਗੀਤ) |

[7] ਉਹੀ ਪੰਨਾ ਨੰਬਰ 16.
[8] ਉਹੀ ਪੰਨਾ ਨੰਬਰ 32.
[9] ਉਹੀ, ਪੰਨਾ ਨੰਬਰ 38.
[10] ਉਹੀ, ਪੰਨਾ ਨੰਬਰ 40.
[11] ਉਹੀ, ਪੰਨਾ ਨੰਬਰ 41.
[12] ਉਹੀ, ਪੰਨਾ ਨੰਬਰ 71
[13] ਉਹੀ, ਪੰਨਾ ਨੰਬਰ 95.
[14] ਉਹੀ, ਪੰਨਾ ਨੰਬਰ 99.
[15] ਉਹੀ, ਪੰਨਾ ਨੰਬਰ 101
[16] ਉਹੀ, ਪੰਨਾ ਨੰਬਰ 112.
[17] ਉਹੀ, ਪੰਨਾ ਨੰਬਰ 114.

| | | |
|---|---|---|
| 12 | ਬ-ਬਜ਼ਮ-ਏ-ਨਗ਼ਮਾ-ਓ-ਮਸਤੀ[18] | ਨਗਮਾ (ਗੀਤ), ਨੱਚਣਾ (ਰਕ਼ਸੰਦ) |
| 13 | ਸਰੀਮ ਮਸਤ-ਏ-ਮਈ[19] | ਗੀਤ, ਸੰਗੀਤ (ਚੰਗ), ਧੁਨ |
| 14 | ਬਹਰ ਚਹ ਨਵਾਇਮ[20] | ਸ਼ੁਰ, ਰਾਗ |
| 15 | ਕਸ਼ੀਦਾ ਦਰਦ ਬੇ ਦਿਲ[21] | ਸੁਰ (ਗੂਸੇ), ਸੁਰੋਦਾ (ਗਮ ਦੇ ਗੀਤ) |
| 16 | ਮਾਰਾ ਖੁਸ਼ਸਤ ਸਾਜ਼ ਓ ਦਮ[22] | ਸੁਰ, ਗੀਤ, ਜ਼ਮਜ਼ਾ (ਰਾਗ), ਸੂਜ਼ੇ (ਗਾਉਣਾ), ਸਾਜ਼ |
| 17 | ਚੁ ਗੂਸ਼ੇ ਜਾਨ ਬੇ ਨਗ਼ਮਾ[23] | ਗੂਸ਼ੇ (ਸੁਰ), ਗੀਤ, ਗਾਉਂਦੇ |
| 18 | ਖੁਦਾ ਬੰਦਗਾਂ ਬੀਨ[24] | ਸੁਰ, ਸੰਗੀਤ, ਸਾਜ |
| 19 | ਕਿਨ ਬਹਾਰਾਂ ਏ ਯਾਰੀ [25] | ਸ਼ੁਰ, ਸਾਜ਼ |
| 20 | ਜੋ ਰਾਤਿ ਖੁਦਾ ਰਾ[26] | ਨਗਮਾ, ਸੁਰ, ਸਾਜ਼ |
| 21 | ਫ਼ਜ਼ਾ ਰਾ ਨਗਮਾ[27] | ਨਗਮਾ, ਸੁਰ |
| 22 | ਆਸ਼ਿਕ ਸ਼ੁਦਮ ਦਰ [28] | ਗੀਤ, ਗਾਉਣਾ |
| 23 | ਮਾ ਆਸ਼ਕੀ ਬੇ ਸਰ ਬਰੀਮ [29] | ਸ਼ਾਜ਼, ਗੀਤ |
| 24 | ਬਿਆ ਸਾਕੀ ਦਿਗਰ[30] | ਧੁਨ, ਗਾਈਏ, ਸੁਰ |
| 25 | ਆਹ ਬੇ ਸੂਜ਼ ਦਿਲ [31] | ਗੀਤ, ਗਾਉਂਦਾ |

[18] ਉਹੀ, ਪੰਨਾ ਨੰਬਰ 121.
[19] ਉਹੀ, ਪੰਨਾ ਨੰਬਰ 121.
[20] ਉਹੀ, ਪੰਨਾ ਨੰਬਰ 143.
[21] ਉਹੀ,ਪੰਨਾ ਨੰਬਰ 155.
[22] ਉਹੀ, ਪੰਨਾ ਨੰਬਰ 156.
[23] ਉਹੀ, ਪੰਨਾ ਨੰਬਰ 157.
[24] ਉਹੀ, ਪੰਨਾ ਨੰਬਰ 180.
[25] ਉਹੀ, ਪੰਨਾ ਨੰਬਰ 181.
[26] ਉਹੀ, ਪੰਨਾ ਨੰਬਰ 185.
[27] ਉਹੀ, ਪੰਨਾ ਨੰਬਰ 186.
[28] ਉਹੀ, ਪੰਨਾ ਨੰਬਰ 195.
[29] ਉਹੀ, ਪੰਨਾ ਨੰਬਰ 197.
[30] ਉਹੀ, ਪੰਨਾ ਨੰਬਰ 199.
[31] ਉਹੀ, ਪੰਨਾ ਨੰਬਰ 201.

| | | |
|---|---|---|
| 26 | ਜ਼ਿਕਰ ਕਨਦ ਜ਼ ਨੂਰਿ[32] | ਗੀਤ, ਗਾਉਂਦਾ |
| 27 | ਬਹਾਰ-ਦਰ ਦਸਤ-ਏ-ਗੁਲ [33] | ਧੁਨ, ਸੁਰ, ਸਾਜ਼ |

## ਵਿਸਥਾਰ

ਸਾਬਿਰ ਪਾਕ ਦੀ ਦੀਵਾਨੇ-ਏ-ਸਾਬਰੀ ਕਿਤਾਬ ਵਿੱਚ ਲਗੱਭਗ 245 ਕਲਾਮਾਂ ਵਿੱਚੋਂ 27 ਕਲਾਮਾਂ ਦੀ ਸੰਗੀਤਕ ਸ਼ਬਦਾਵਲੀ ਖ਼ਾਸ ਤੌਰ ਤੇ ਦਰਸਾਈ ਗਈ ਹੈ। ਸਾਬਿਰ ਪਾਕ ਦੇ ਕਲਾਮ ਅਧਿਆਤਮਿਕਤਾ ਅਤੇ ਸੰਗੀਤ ਦੇ ਮਿਲਾਪ ਦਾ ਸਬੂਤ ਹਨ। ਸਾਬਿਰ ਪਾਕ ਨੇ ਆਪਣੇ ਕਲਾਮਾਂ ਵਿੱਚ ਨਗ਼ਮਾ, ਸਾਜ਼, ਮਹਿਫ਼ਿਲ-ਏ-ਸਮਾਅ, ਜ਼ਮਜ਼ਮ, ਅਹੰਗ, ਬ-ਬਜ਼ਮ, ਸਰੂਦ ਅਦਿ ਸੰਗੀਤਕ ਸ਼ਬਦਾਵਲੀ ਨੂੰ ਸ਼ਾਮਿਲ ਕੀਤਾ। ਉਦਾਹਰਨ ਵਜੋਂ:- ਦਾਨਮ-ਏ-ਕੈਫ਼ (ਰਾਗ, ਸੁਰ, ਵਜਾਉਣਾ), ਬਹਰ-ਏ-ਨਵਾਇਮ (ਸੁਰ, ਰਾਗ), ਨਗ਼ਮਾ ਸ਼ਬਦ, ਨੁਜ਼ੂਲ-ਏ-ਦੀਨ ਭਾਵ ਗੀਤ-ਆਤਮਕ ਜਾਂ ਜਿਕਰ ਦੀ ਮਹਿਫਿਲ, ਜ਼ਿਕਰ ਕਦ ਜ਼ ਨੂਰ ਭਾਵ ਗਾਉਣਾ ਜਾ ਗੀਤ ਗਾਉਂਦਾ ਆਦਿ। ਬਹੁਤ ਸਾਰੇ ਕਲਾਮਾਂ ਵਿੱਚ ਨਗ਼ਮਾ ਸ਼ਬਦ ਵਾਰ-ਵਾਰ ਦੇਖਣ ਨੂੰ ਮਿਲਦਾ ਹੈ। ਨਗ਼ਮਾ ਭਾਵ ਗੀਤ ਜਾਂ ਗੀਤ ਆਤਮਕ ਰਚਨਾਵਾਂ। ਜਿਸ ਕਲਾਮ ਵਿੱਚ ਗੀਤ ਦੀ ਗੱਲ ਹੋਵੇ ਉੱਥੇ 'ਨਗ਼ਮਾ' ਸ਼ਬਦ ਹੀ ਦੇਖਣ ਨੂੰ ਮਿਲਦਾ ਹੈ। ਭਾਵ ਨਗ਼ਮਾ ਇਹ ਦਰਸਾਉਂਦਾ ਹੈ ਕਿ ਕਲਾਮ ਗਾ ਕੇ ਜਾਂ ਸੁਰ ਵਿੱਚ ਹਨ। ਜਿਸ ਕਲਾਮ ਵਿੱਚ ਰੱਬ ਦੇ ਜ਼ਿਕਰ ਦੀ ਗੱਲ ਹੋਵੇ ਪਰੰਤੂ ਉਸ ਜ਼ਿਕਰ ਨੂੰ ਗਾ ਕੇ ਕਰਨਾ ਹੋਵੇ ਉਥੇ ਨੁਜ਼ੂਲ-ਏ-ਦੀਨ, ਜ਼ਿਕਰ ਕਦ ਜ਼ ਨੂਰ ਆਦਿ ਸ਼ਬਦ ਸ਼ਾਮਿਲ ਕੀਤੇ ਜਾਂਦੇ ਹਨ।

ਜਿਸ ਕਲਾਮ ਵਿੱਚ ਰਾਗ ਸ਼ਬਦ, ਸਾਜ਼ ਜਾਂ ਸੁਰਾਂ ਦੀ ਗੱਲ ਹੋਵੇ ਉੱਥੇ ਜ਼ਮਜ਼ਮ-ਏ-ਹਰਮ ਭਾਵ ਰਾਗ ਅਤੇ ਧੁੰਨ, ਬਹਾਰ-ਦਰ ਦਸਤ-ਏ-ਗੁਲ ਭਾਵ ਧੁਨ, ਸੁਰ, ਸਾਜ਼ (ਵਾਦਯ-ਅੰਤਰ) ਆਦਿ ਸ਼ਬਦ ਦਿਖਾਈ ਦਿੰਦੇ ਹਨ। ਕਈ ਸ਼ਬਦ ਕਲਾਮਾਂ ਵਿੱਚ ਸਿੱਧੇ ਤੌਰ ਤੇ ਸਮਾਅ ਲਈ ਦਰਸਾਏ ਗਏ ਹਨ ਤਾਂ ਕਿ ਉਹ ਕਲਾਮ ਮਹਿਫਿਲ-ਏ-ਸਮਾਅ ਵਿੱਚ ਹੀ ਪੜੇ ਜਾਂ ਗਾਏ ਜਾ ਸਕਣ। ਮਾਰਾ ਖ਼ੁਸਸਤ ਸਾਜ਼-ਏ-ਦਮ ਭਾਵ ਸੁਰ, ਗੀਤ, ਜ਼ਮਜ਼ਮ, ਸੂਜ਼ ਤੇ ਸਾਜ਼, ਮਹਫ਼ਿਲ-ਏ-ਸਮਾਅ ਭਾਵ ਸੂਫੀਆਂ ਦੀ ਸੰਗੀਤਕ ਸਭਾ ਆਦਿ ਸ਼ਬਦ ਕਲਾਮਾਂ ਵਿੱਚ ਸਮਾਅ ਦਾ ਸੰਕੇਤ ਕਰਦੇ ਹਨ। ਜਿਸ ਕਲਾਮ ਵਿੱਚ ਅੱਲਾਹ ਦੇ ਵਿਛੋੜੇ ਦੀ ਗੱਲ ਹੋਵੇ ਉੱਥੇ ਮਕਾਨ-ਏ-ਦਰਦੋ ਭਾਵ ਗਮ ਦੇ ਗੀਤ ਮਕਾਨ-ਏ-ਦਰਦੋ ਭਾਵ ਗਮ ਦੇ ਗੀਤ ਆਦਿ ਸ਼ਬਦਾਵਲੀ ਦੇਖੀ ਜਾਂਦੀ ਹੈ।

## ਸਾਰ

ਸਾਬਿਰ ਪਾਕ ਦੇ ਕਲਾਮ ਸਾਨੂੰ ਕਵਿਤਾਵਾਂ, ਦੋਹੇ, ਰੁਬਾਈ, ਮਨਕਬਤ, ਆਦਿ ਰੂਪਾਂ ਵਿੱਚ ਮਿਲਦੇ ਹਨ ਜੋ ਅਧਿਆਤਮਿਕ ਰੰਗਤ ਭਰਪੂਰ ਹਨ। ਇਹ ਕਲਾਮ ਅਧਿਆਤਮਿਕਤਾ, ਇਸ਼ਕ-ਏ-ਹਕੀਕੀ, ਸਮਰਪਣ ਤੇ

[32] ਉਹੀ, ਪੰਨਾ ਨੰਬਰ 207.
[33] ਉਹੀ, ਪੰਨਾ ਨੰਬਰ 222.

ਭਰੋਸਾ, ਪ੍ਰਮਾਤਮਾ ਨਾਲ ਮਿਲਾਪ ਤੇ ਵਿਛੋੜਾ ਅਤੇ ਸੰਗੀਤ ਰਾਹੀਂ ਰੂਹਾਨੀਅਤ ਕੈਫ਼ੀਅਤ ਨਾਲ ਮਾਲਾਮਾਲ ਹਨ। ਸਾਬਿਰ ਪਾਕ ਦੇ ਕਲਾਮ ਸੂਫੀ, ਰੂਹਾਨੀਅਤ ਅਤੇ ਸੰਗੀਤ ਦਾ ਸੁੰਦਰ ਮੇਲ ਹਨ। ਇਨ੍ਹਾਂ ਦੇ ਕਲਾਮਾਂ ਵਿੱਚ ਸੰਗੀਤਕ ਸ਼ਬਦਾਵਲੀ ਸੁਰ, ਧੁੰਨ, ਗੀਤ, ਸਾਜ਼ ਤੇ ਰਾਗ ਆਦਿ ਸ਼ਾਮਿਲ ਹਨ। ਇਹ ਕਲਾਮ ਮਹਿਫਿਲ-ਏ-ਸਮਾਅ ਵਿੱਚ ਅਧਿਆਤਮਿਕਤਾ ਨੂੰ ਪੇਸ਼ ਕਰਦੇ ਹੋਏ ਗਾਏ ਜਾਂਦੇ ਹਨ। ਸੰਗੀਤ ਰਾਹੀਂ ਰੂਹਾਨੀ ਕੈਫ਼ੀਅਤ, ਕਵਾਲੀ ਜਾਂ ਰਾਗ ਦੇ ਸੁਰਾਂ ਵਿੱਚ ਇਹ ਕਲਾਮ ਰੂਹਾਨੀ ਸੁਖ ਪੈਦਾ ਕਰਦੇ ਹਨ।

## ਹਵਾਲੇ ਅਤੇ ਸਹਾਇਕ ਪੁਸਤਕਾਂ:


1. ਵੂਮੈਨਸ ਹਿਸਟਰੀ ਔਫ ਚਿਸ਼ਤ,ਨਾਸ਼ੇਰ ਮਿਨ ਅਲ-ਸ਼ੇਖ,ਪੰਨਾ-180.
2. ਦ ਮਸਾਇਕ ਆਫ ਚਿਸਤੀ,ਸ਼ੇਖ ਮੌਲਾਨਾ ਜ਼ਕਰੀਆ ਕੰਧਲਵੀ, ਪੰਨਾ 148.
3. ਅਰਮੁਗਮ-ਏ-ਸਾਬਰੀ, ਅਲਾਉਦੀਨ ਅਲੀ ਅਹਿਮਦ ਸਾਬਿਰ,ਪੰਨਾ ਨੰਬਰ 5.
4. ਅਰਮੁਗਮ-ਏ-ਸਾਬਰੀ, ਅਲਾਉਦੀਨ ਅਲੀ ਅਹਿਮਦ ਸਾਬਿਰ,ਪੰਨਾ ਨੰਬਰ 6.
5. ਉਹੀ, ਪੰਨਾ ਨੰਬਰ 8.
6. ਉਹੀ ਪੰਨਾ ਨੰਬਰ 15
7. ਉਹੀ ਪੰਨਾ ਨੰਬਰ 16.
8. ਉਹੀ ਪੰਨਾ ਨੰਬਰ 32.
9. ਉਹੀ ਪੰਨਾ ਨੰਬਰ 38.
10. ਉਹੀ ਪੰਨਾ ਨੰਬਰ 40.
11. ਉਹੀ ਪੰਨਾ ਨੰਬਰ 41.
12. ਉਹੀ ਪੰਨਾ ਨੰਬਰ 71.
13. ਉਹੀ ਪੰਨਾ ਨੰਬਰ 95.
14. ਉਹੀ ਪੰਨਾ ਨੰਬਰ 99.
15. ਉਹੀ ਪੰਨਾ ਨੰਬਰ 101.
16. ਉਹੀ ਪੰਨਾ ਨੰਬਰ 112.
17. ਉਹੀ ਪੰਨਾ ਨੰਬਰ 114.
18. ਉਹੀ ਪੰਨਾ ਨੰਬਰ 121.
19. ਉਹੀ ਪੰਨਾ ਨੰਬਰ 121.
20. ਉਹੀ ਪੰਨਾ ਨੰਬਰ 143.
21. ਉਹੀ ਪੰਨਾ ਨੰਬਰ 155.
22. ਉਹੀ ਪੰਨਾ ਨੰਬਰ 156.
23. ਉਹੀ ਪੰਨਾ ਨੰਬਰ 157.
24. ਉਹੀ ਪੰਨਾ ਨੰਬਰ 180
25. ਉਹੀ ਪੰਨਾ ਨੰਬਰ 181.
26. ਉਹੀ ਪੰਨਾ ਨੰਬਰ 185
27. ਉਹੀ ਪੰਨਾ ਨੰਬਰ 186

28. ਉਹੀ ਪੰਨਾ ਨੰਬਰ 195
29. ਉਹੀ ਪੰਨਾ ਨੰਬਰ 197.
30. ਉਹੀ ਪੰਨਾ ਨੰਬਰ 199.
31. ਉਹੀ,ਪੰਨਾ ਨੰਬਰ 201.
32. ਉਹੀ, ਪੰਨਾ ਨੰਬਰ 207.
33. ਉਹੀ ਪੰਨਾ ਨੰਬਰ 222.